# ਵਕਿਟੋਰੀਆ ਦੀ ਨੈਸ਼ਨਲ ਗੈਲਰੀ ਵਿੱਚ ਫੇਰੀ ਪਾਓ

NGV

## ਤੁਹਾਡੀ NGV ਵਿੱਚ ਤੁਹਾਡਾ ਸਵਾਗਤ ਹੈ!

ਵਕਿਟੋਰੀਆ ਦੀ ਨੈਸ਼ਨਲ ਗੈਲਰੀ, ਜਸਿ ਨੂੰ NGV ਵੀ ਵਜੋਂ ਵੀ ਜਾਣਿਆ ਜਾਂਦਾ ਹੈ, ਬੱਚਆਿਂ, ਅੱਲ੍ਹੜ ਉਮਰ ਦੇ ਬੱਚਆਿਂ ਅਤੇ ਪਰਵਿਾਰਾਂ ਦਾ ਨਿੱਘਾ ਸਵਾਗਤ ਕਰਦੀ ਹੈ। NGV ਆਸਟ੍ਰੇਲੀਆ ਦੀ ਸਭ ਤੋਂ ਪੁਰਾਣੀ ਅਤੇ ਸਭ ਤੋਂ ਵੱਧ ਲੋਕਾਂ ਦੁਆਰਾ ਦੌਰਾ ਕੀਤੀ ਗਈ ਗੈਲਰੀ ਹੈ। ਸਾਡੇ ਕੋਲ ਦੋ ਵੱਖ-ਵੱਖ ਇਮਾਰਤਾਂ - NGV ਇੰਟਰਨੈਸ਼ਨਲ ਅਤੇ ਦਾ ਇਆਨ ਪੌਟਰ ਸੈਂਟਰ: NGV ਆਸਟ੍ਰੇਲੀਆ ਵਿੱਚ ਵੇਖਣ ਲਈ NGV ਦੇ ਸੰਗ੍ਰਹਿ ਵਿੱਚ 70,000 ਤੋਂ ਵੱਧ ਵੱਖ-ਵੱਖ ਕਲਾਕ੍ਰਤੀਆਂ ਹਨ। ਦੋਵੇਂ ਗੈਲਰੀਆਂ ਹਰ ਰੋਜ਼ ਸਵੇਰੇ 10 ਵਜੇ - ਸ਼ਾਮ 5 ਵਜੇ ਤੱਕ ਖੁੱਲ੍ਹੀਆਂ ਹਨ ਅਤੇ ਫੇਰੀ ਪਾਉਣਾ ਮੁਫ਼ਤ ਹੈ।

NGV ਇੰਟਰਨੈਸ਼ਨਲ ਅੰਤਰ-ਰਾਸ਼ਟਰੀ ਕਲਾ ਦਾ ਘਰ ਹੈ ਅਤੇ ਇਸ ਵਿੱਚ ਸ਼ੁਰੂਆਤੀ ਇਤਹਿਾਸ ਤੋਂ ਲੈ ਕੇ ਹੁਣ ਇਸ ਵੇਲੇ ਬਣ ਰਹੀ ਕਲਾ ਅਤੇ ਡਜਿ਼ਾਈਨ ਦੀਆਂ ਦੁਨੀਆਂ ਭਰ ਦੀਆਂ ਕਲਾਕ੍ਰਤੀਆਂ ਹਨ। ਦਾ ਇਆਨ ਪੌਟਰ ਸੈਂਟਰ: NGV ਆਸਟ੍ਰੇਲੀਆ, ਆਸਟ੍ਰੇਲੀਆ ਦੀ ਕਲਾ ਦਾ ਘਰ ਹੈ ਅਤੇ ਬਸਤੀਵਾਦੀ ਕਾਲ ਤੋਂ ਲੈ ਕੇ ਅੱਜ ਤੱਕ ਦੇਸੀ ਅਤੇ ਗੈਰ-ਦੇਸੀ ਕਲਾ ਨੂੰ ਪ੍ਰਦਰਸ਼ਤਿ ਕਰਦਾ ਹੈ।

NGV ਪਰਵਿਾਰਾਂ ਨੂੰ ਵੇਖਣ ਅਤੇ ਕਰਨ ਲਈ ਬਹੁਤ ਸਾਰੀਆਂ ਮੁਫ਼ਤ ਚੀਜ਼ਾਂ ਦੀ ਪੇਸ਼ਕਸ਼ ਕਰਦੀ ਹੈ। ਗ੍ਰੇਟ ਹਾਲ ਅਤੇ ਗਰੋਲੋ ਇਕੁਇਸੈਂਟ ਗਾਰਡਨ ਬੱਚਆਿਂ ਲਈ ਘੁੰਮਣ, ਆਰਾਮ ਕਰਨ ਲਈ ਵਧੀਆ ਸਥਾਨ ਹਨ, ਅਤੇ ਉਹ ਆਸਟ੍ਰੇਲੀਆ ਦੇ ਕਲਾਕਾਰ ਲਓਿਨਾਰਡ ਫ੍ਰੈਂਚ ਦੁਆਰਾ ਬਣਾਈ ਵੱਡੀ ਦਾਗਦਾਰ ਸ਼ੀਸ਼ੇ ਵਾਲੀ ਛੱਤ ਉੱਤੇ ਨਜ਼ਰ ਮਾਰ ਸਕਦੇ ਹਨ। NGV ਦੇ ਦੌਰੇ ਨੂੰ ਪਾਰਕ ਵਿੱਚ ਸੈਰ ਕਰਨ ਵਾਂਗ ਮੰਨੋ। ਵੱਖ-ਵੱਖ ਗੈਲਰੀਆਂ ਦੀ ਪੜਚੋਲ ਕਰੋ ਅਤੇ ਰਸਤੇ ਵਿੱਚ ਕਲਾਕ੍ਰਤੀਆਂ ਨੂੰ ਵੇਖਦੇ ਜਾਓ। ਤੁਹਾਡੀ ਫੇਰੀ ਦਾ ਵੱਧ ਤੋਂ ਵੱਧ ਲਾਭ ਉਠਾਉਣ ਵਿੱਚ ਤੁਹਾਡੀ ਮਦਦ ਕਰਨ ਲਈ ਸਾਡੀ ਟੀਮ ਇੱਥੇ ਹਾਜ਼ਰ ਹੈ, ਜਦੋਂ ਤੁਸੀਂ ਆਉਂਦੇ ਹੋ ਤਾਂ ਪੁੱਛੋ ਕਿ ਕੀ ਪ੍ਰਦਰਸ਼ਤਿ ਕੀਤਾ ਜਾ ਰਹਿਾ ਹੈ।

ਤਾਜ਼ਾ ਜਾਣਕਾਰੀ ਵਾਸਤੇ, ਜਾਂ NGV ਕਡਿਜ਼ ਨਊਿਜ਼ਲੈਟਰ ਲਈ ਨਾਮ ਦਰਜ ਕਰਵਾਉਣ ਲਈ ਇੱਥੇ ਜਾਓ: ngv.melbourne/kids

NGV ਇੰਟਰਨੈਸ਼ਨਲ
180 ਸੇਂਟ ਕਲਿਡਾ ਰੋਡ ਸਵੇਰੇ 10 ਵਜੇ - ਸ਼ਾਮ 5 ਵਜੇ ਤੱਕ ਰੋਜ਼ਾਨਾ

ਦ ਇਆਨ ਪੌਟਰ ਸੈਂਟਰ: NGV ਆਸਟ੍ਰੇਲੀਆ
ਫੈਡਰੇਸ਼ਨ ਸੁਕੇਅਰ ਸਵੇਰੇ 10 ਵਜੇ - ਸ਼ਾਮ 5 ਵਜੇ ਤੱਕ ਰੋਜ਼ਾਨਾ

## ਛੋਟੇ ਬੱਚਆਿਂ ਨਾਲ ਗੈਲਰੀ ਦਾ ਦੌਰਾ ਕਰਨ ਲਈ ਸੁਝਾਅ

### ਕੀ ਮੈਂ ਪ੍ਰੈਮ ਲਿਆ ਸਕਦਾ/ਸਕਦੀ ਹਾਂ?

ਹਾਂ, ਗੈਲਰੀ ਦੀਆਂ ਸਾਰੀਆਂ ਥਾਵਾਂ ਪ੍ਰੈਮ ਨਾਲ ਪਹੁੰਚਯੋਗ ਹਨ। ਜੇ ਤੁਸੀਂ ਪਿੱਠੂ-ਬਸਤੇ, ਵੱਡੇ ਝੋਲੇ ਜਾਂ ਛਤਰੀਆਂ ਲੈ ਕੇ ਆਉਂਦੇ ਹੋ, ਜਦੋਂ ਤੁਸੀਂ ਪਹੁੰਚਦੇ ਹੋ ਤਾਂ ਸਾਡੀ ਟੀਮ ਕਹੇਗੀ ਕਿ ਤੁਸੀਂ ਕਰਿਪਾ ਕਰਕੇ ਇਹਨਾਂ ਨੂੰ ਗੱਠੜੀ-ਘਰ ਵਿੱਚ ਜਮ੍ਹਾਂ ਕਰਵਾ ਦਓਿ। ਸਮਾਨ ਜਮ੍ਹਾਂ ਕਰਵਾਉਣਾ ਮੁਫ਼ਤ ਹੈ।

### ਕੀ ਮੈਂ ਖਾਣ ਲਈ ਕੁਝ ਨਾਲ ਲਿਆ ਸਕਦਾ ਹਾਂ?

NGV ਗ੍ਰੇਟ ਹਾਲ ਅਤੇ NGV ਗਾਰਡਨ ਵਿੱਚ ਖਾਣ ਲਈ ਘਰ ਤੋਂ ਭੋਜਨ ਲਿਆਉਣ ਲਈ ਤੁਹਾਡਾ ਸਵਾਗਤ ਹੈ। ਪਰਵਿਾਰਾਂ ਦੇ ਲਈ ਵਧੀਆ ਭੋਜਨ ਦੇ ਵਕਿਲਪ NGV ਇੰਟਰਨੈਸ਼ਨਲ ਦੇ ਜ਼ਮੀਨੀ ਪੱਧਰ ਵਾਲੇ ਕੈਫੇ, ਗੈਲਰੀ ਕਚਿਨ ਵਖੇ ਵੀ ਉਪਲਬਧ ਹਨ। ਸਾਡੇ ਮੀਨੂ ਵਿੱਚ ਲਖਿੀਆਂ ਬਹੁਤ ਸਾਰੀਆਂ ਚੀਜ਼ਾਂ ਤੁਹਾਡੀਆਂ ਖੁਰਾਕ ਲੋੜਾਂ ਦੇ ਅਨੁਕੂਲ ਹਨ ਜਾਂ ਤਆਿਰ ਕੀਤੀਆਂ ਜਾ ਸਕਦੀਆਂ ਹਨ। ਗਲੂਟੇਨ ਤੋਂ ਬਨਿਾਂ? ਸ਼ਾਕਾਹਾਰੀ? ਕੋਈ ਚਿੰਤਾ ਨਹੀਂ। ਕਰਮਚਾਰੀਆਂ ਨੂੰ ਆਪਣੀਆਂ ਲੋੜਾਂ ਤੋਂ ਜਾਣੂ ਕਰਵਾਓ।

### ਕੀ ਤੁਹਾਡੇ ਕੋਲ ਮਾਪਆਿਂ ਲਈ ਕਮਰਾ ਹੈ?

NGV ਇੰਟਰਨੈਸ਼ਨਲ ਵਿੱਚ ਮਾਈਕਰੋਵੇਵ ਅਤੇ ਦੁੱਧ ਚੁੰਘਾਉਣ ਲਈ ਮਾਪਆਿਂ ਦਾ ਵੱਖਰਾ ਕਮਰਾ ਹੈ। NGV ਆਸਟ੍ਰੇਲੀਆ ਨੈਪੀ ਬਦਲਣ ਦੀਆਂ ਪਹੁੰਚਯੋਗ ਸਹੂਲਤਾਂ ਪ੍ਰਦਾਨ ਕਰਦੀ ਹੈ। ਛਾਤੀ ਦਾ ਦੁੱਧ ਚੁੰਘਾਉਣ ਦਾ ਹਰ ਕਧਿਰੇ ਸਵਾਗਤ ਹੈ, ਜਿੱਥੇ ਵੀ ਤੁਸੀਂ ਆਰਾਮਦਾਇਕ ਮਹਸਿੂਸ ਕਰਦੇ ਹੋ।

### ਤੁਹਾਡੀਆਂ ਪਹੁੰਚ ਸਹੂਲਤਾਂ ਅਤੇ ਸਰੋਤ ਕਹਿੜੇ ਹਨ?

NGV ਵ੍ਹੀਲਚੇਅਰ ਰਾਹੀਂ ਪਹੁੰਚਯੋਗ ਹੈ ਅਤੇ ਕਈ ਤਰ੍ਹਾਂ ਦੇ ਪਹੁੰਚਯੋਗ ਸਰੋਤ ਅਤੇ ਸਮਾਗਮ ਪੇਸ਼ਕਸ਼ ਕਰਦੀ ਹੈ, ਜਸਿ ਵਿੱਚ ਘੱਟ ਲੋਕਾਂ ਵਾਲੀਆਂ ਵਸ਼ਿੇਸ਼ ਪ੍ਰਦਰਸ਼ਨੀਆਂ ਅਤੇ ਸੰਵੇਦੀ ਉਤੇਜਨਾ ਨੂੰ ਘਟਾਉਣ ਲਈ ਆਰਾਮਦਾਇਕ ਸੈਸ਼ਨ ਸ਼ਾਮਲ ਹਨ। ਇਹ ਸੈਸ਼ਨ ਸਵੈਲੀਨਤਾ (ਔਟਜ਼ਿਮ), ਅਪੰਗਤਾ, ਡਮਿੈਂਸ਼ੀਆ, ਮਾਨਸਕਿ ਸਹਿਤ ਜਾਂ ਲੰਬੇ ਸਮੇਂ ਦੀ ਬਮਿਾਰੀ ਵਾਲੀਆਂ ਸਮੱਸਆਿਵਾਂ ਵਾਲੇ ਲੋਕਾਂ ਦਾ ਸਹਯੋਿਗ ਕਰਦੇ ਹਨ। ਤੁਸੀਂ ਸੁਣਨ-ਵੇਖਣ ਵਾਲੀ ਸਮੱਗਰੀ, ਬੈਠਣ ਵਾਲੀ ਜਗ੍ਹਾ ਜਾਂ ਸੰਵੇਦਨਸ਼ੀਲ ਤੱਤਾਂ ਦੇ ਸਥਾਨਾਂ ਨੂੰ ਵੇਖਣ ਲਈ ਸੰਵੇਦਨਸ਼ੀਲ ਨਕਸ਼ੇ ਵੀ ਡਾਊਨਲੋਡ ਕਰ ਸਕਦੇ ਹੋ। ਵਧੇਰੇ ਜਾਣਕਾਰੀ ਵਾਸਤੇ ਵੇਖੋ: ngv.melbourne/access

